ਟੈਪ ਦਾ ਛਾਪਾ

ਕਿੱਸਾ

ਹੀਰ ਜੋਗਾਸਿੰਘ

ਜਿਸਕੋ

ਹਾਜੀ ਚਰਾਗ਼ਦੀਨ ਸਰਾਜਦੀਨ

ਤਾਜਰਾਨ ਕੁਤਬ ਲਾਹੌਰ ਬਾਜ਼ਾਰ ਕਸ਼ਮੀਰੀ

ਨੇ

ਮੁਨਸ਼ੀ ਚਰਾਗ਼ਦੀਨ

ਸੇ

ਕੈਕਸਟਨ ਪ੍ਰੈਸ ਲਾਹੌਰ ਅਨਾਰਕਲੀ ਮੇਂ

ਛਪਵਾਯਾ

੧ ਓਸਤਿਗੁਰਪ੍ਰਸਾਦਿ ॥

ਅਥ ਕਿੱਸਾ ਹੀਰ ਰਾਂਝਾ ਕ੍ਰਿਤ ਕਵਿ ਜੋਗਸਿਘ ॥ ਦੋਹਰਾ ॥ ਮਾਤਾ ਜਾਕੀ ਗੌਰਜਾ ਗਣਪਤਿ ਸ੍ਰੀ ਗਣੇਸ਼ ॥ ਬਿਘਨ ਹਰਨ ਮੰਗਲ ਕਰਨ ਨਾਸਨ ਸਗਲ ਕਲੇ ॥ ੧ ॥ ਦੋਹਰਾ ॥ ਸਾਰਦ ਮਾਤਾ ਬਾਕਪਤਿ ਬਿਦਜਾ ਦਾਤੀ ਸੋਇ ॥ ਕਿਰਪਾ ਕੀਜੈ ਦਾਸ ਪਰ ਸਿੱਧ ਮਨੋਰਥ ਹੋਇ ॥ ੨ ॥ ਕਬਿੱਤ ॥ ਤੇਰੀ ਸਾਹਿਬੀਂ ਅਪਾਰ ਬੇਸ਼ੁਮਾਰ ਤੂੰ ਬਿਅੰਤ ਸਾਈਂ ਦਯਾ ਕਰੋ ਕਿੱਸਾ ਹੀਰ ਰਾਂਝੇ ਦਾ ਉਚਾਰੀਏ ॥ ਤਖਤ ਹਜ਼ਾਰੇ ਮੌਜੂਚੌਧਰੀ ਦਾ ਪੁਤ ਰਾਂਝਾ ਸੁੰਦਰ ਅਨੂਪ ਰੂਪ ਮਨੋਂ ਨਾ ਵਿਸਾਰੀਏ ॥ ਮੋਏ ਮਾਪੇ ਹੋਯਾ ਦਿਲਗੀਰ ਚਿਤ ਟਿਕੇ ਨਾਹੀਂ ਸੋਚ ਕਰੇ ਕਿ ਕੂੰ ਹੁਣ ਵਖਤ ਗੁਜ਼ਾਰੀਏ ॥ ਜੋਗਸਿੰਘ ਰਾਂਝਾ ਕਹੇ ਛੱਡੀਏ ਜੰਜਾਲ ਸਭੋ ਹੋਇਕੇ ਫਕੀਰ ਕਿਸੇ ਦੇਸਨੂੰ ਸਿਧਾਰੀਏ ॥ ੩ ॥ ਰਾਂਝਣ ਉਦਾਸ ਜਾਂ ਮਲੂਮ ਕੀਤਾ ਭਾਈਆਂ ਨੇ ਧਨ ਮਾਲਵੰਡ ਦਿੱਤਾ ਸਭਰਾ ਜੀਹੋਇਕੇ। ਗਲ ਨਾਲ ਲਾਇਕੇ ਦਿਲਾਸਾ ਦਿੰਦੇ ਭਾਈ ਸਭ ਤੈਥੋਂ ਅਸਾਂ ਹੋਰ ਨਹੀਂ ਰਖਿਆ ਲਕੋਇਕੇ॥ ਰਾਜੀ ਹੋਯਾ ਰਾਂਝਾ ਕਹੀ ਲੈਕੇ ਚਿਯਾ ਖੇਤ ਵਿੱਚ ਮਾਰੇ ਕਹੀ ਪਏ ਛਾਲੇ ਵੇਖਦਾ ਖਲੋਇਕੇ॥ ਜੋਗਸਿੰਘ ਕਹੀ ਸਿੱਟ ਦਿੱਤੀ ਹਥੋਂ ਰਾਂਝਣੇਨੇ ਕੇਹੇ ਦੁਖ ਪਏ ਰੱਬ ਆਖਦਾ ਹੈ ਰੋਇਕੇ ॥ ੪ ॥ ਥੱਕ ਕੇਤੇ ਬੂਟੇ ਮੁੱਢ ਪਿਯਾ ਲੰਮਾਂ ਸੁਧ ਭੁਲੀ ਭੱਤਾ ਲੈਕੇ ਆਇ ਭਰਜਾਈਆਂ ਪਾਸ ਬੋਲੀਆਂ ॥ ਕੁਛ ਨ ਸਮਾਲ ਪੈਰ ਟੁੰਮਕੇ ਜਗਾਯਾ ਤਿਨ੍ਹਾਂਡਿਠਾ ਬੇਹਵਾਲ ਜਦੋਰਾਂਝੇ ਅੱਖੀਂ ਖੋਲੀਆਂ ॥

ਪੁਛਨ ਭੁਜਾਈਆਂਕੀ ਹੋਯਾਤੈਨੂੰ ਦੱਸਖਾਂਵੇ ਦਿਲਦੀਸੁਨਾਈਂ ਤੇਰੇਉਤੋਂ ਅਸੀਂ ਘੋਲੀਆਂ ॥ ਜੋਗਸਿੰਘ ਆਖਦੀਆਂ ਰਾਂਝਣੇ ਨੂੰ ਰੋਟੀ ਖਇ ਕਿਹਾ ਸਾਡਾ ਮੰਨ ਵੇ ਤੂੰ ਜਾਣ ਸਾਨੂੰ ਰੋਲੀਆਂ ॥ ੫ ॥ ਦਿਲ ਭਰਜਾਈਆਂ ਦਾ ਰਖਣੇ ਨੂੰ ਰਾਂਝਣੇ ਨੇ ਮਨ ਦਿਲਗੀਰੀ ਤਾਮ ਖਾਧਾ ਅਨਭਾਂਵਦਾ। ਮੰਗਕੇ ਤੇ ਖਾਣਾ ਮੈਂ ਕਬੂਲ ਕੀਤਾ ਭਾਬੀਓਨੀ ਹਲਦਾ ਜੰਜਾਲ ਸਾਥੋਂ ਹੋਇ ਨਹੀਂ ਆਂਵਦਾ ॥ ਘਰ ਬੈਠਾ ਰੋਟੀ ਖਾਹਿ ਵੇਖਕੇ ਨਿਹਾਲ ਅਸੀ ਕੰਮਕਾਰ ਤੇਰੇਕੋਲੋਂ ਕੋਈ ਨਾ ਕਰਾਂਵਦਾ॥ ਜੋਗਸਿੰਘ ਰਾਂਝਾ ਕਹੇਦੇਹੁਨੀ ਰਜਾਇ ਮੈਨੂੰ ਘਰਹੁਣ ਕਿਸੇਦੇ ਨਾ ਰਹਿਣਾ ਸਾਥੋਂ ਜਾਂਵਦਾ ॥ ੬ ॥ ਫੜ ਬਾਹਾਂ ਤੇ ਲੈ ਚਲੀਯਾਂ ਰੰਝੇਟੜੇ ਨੂੰ ਨਾਲ ਹੋਇ ਪਿੰਡਦੇ ਨਜ਼ੀਕ ਪੈਰ ਰੋਕੇ ਤਿਨਆਇਕੇ। ਖੜੀਯਾਂ ਨੂੰ ਛੱਡਕੇ ਸਿਯਾਲਾਂ ਵਾਲੇ ਰਾਹਪਿਯਾ ਗਈਯਾਂ ਘਰਰੋਂਦੀਆਂ ਸੁਨਾਯ ਤਿਨ੍ਹਾਂ ਜਾਇਕੇ। ਸੁਣਕੇ ਰੰਝੇਟੜੇ ਦੇ ਭਾਈ ਭੱਨੇ ਲੈਹਾ ਦੇਹ ਜਾਇ ਮਿਲੇ ਰਾਂਝਨੇ ਨੂੰ ਪੁਛਣ ਖੜਾਇਕੇ। ਜੋਗ ਸਿੰਘ ਰਾਂਝਣੇਨੂੰ ਕਹਜਾਰੋਕੇ ਭਾਈਆਂਨੇ ਕਿਸਦੁਖਜਾਵੇਂ ਸਾਨੂੰ ਆਖਤੂੰਸੁਨਾਇਕੇ ॥੭॥ ਭਾਈਭਰਜਾਈਆਂ ਦਾ ਨ ਰਾਂਝੇ ਦੁਖ ਮੈਨੂੰ ਕਜਾ ਕਿਸਮਤ ਮੇਰੀ ਹੀ ਲੈ ਚੱਲੀ ਹੈ ਵਿਛੋੜ ਕੇ ॥ ਖੁਸ਼ੀਦੇਹੋ ਮੈਨੂੰ ਤੁਸੀਜਾਓ ਘਰ ਆਪਨੇਨੂੰ ਆਜਜ਼ੀਦੇ ਨਾਲ ਰਾਂਝੇ ਕਿਹਾ ਹੱਥ ਜੋੜਕੇ। ਥੱਕ ਰਹੇ ਭਾਈ ਰਾਂਝੇ ਮੰਨੀ ਨਹੀਂ ਕਾਈ ਸੋਈ ਛਡਿਕੇ ਖਲੋਤਿਯਾਂਨੂੰ ਰਹਯਾ ਮੋਹੁਤੋੜਕੇ। ਵੀਰ ਤੋਂ ਵਿਛੁੰਨੇ ਕੁਰਲਾਂ ਦੇ ਰੋਂਦੇ ਆਏ ਘਰ ਜੋਗਸਿੰਘ ਰਾਂਝੇ ਨੂੰ ਛਿਆਵੇ ਕੌਨਮੋੜਕੇ ॥੮॥ ਉਮਰਭਰਰਾਂਝਾ ਕਦੇਪੰਧਨਹੀਂ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.